BRITISH COLUMBIA | HealthLinkBC

Punjabi - Number 124
March 2021

# ਕੋਵਿਡ-19 ਵੈਕਸੀਨਾਂ
# COVID-19 Vaccines

ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

## ਕੋਵਿਡ-19 ਵੈਕਸੀਨਾਂ ਕੀ ਹਨ?

ਕੋਵਿਡ-19 ਵੈਕਸੀਨਾਂ ਸਵੀਅਰ ਐਕਿਊਟ ਰੇਸਪੀਰੇਟਰੀ ਸਿੰਡਰੋਮ ਕੋਰੋਨਾਵਾਇਰਸ 2 (severe acute respiratory syndrome coronavirus 2 (SARS-CoV-2)) ਜੋ ਕੋਵਿਡ-19 ਦਾ ਕਾਰਨ ਬਣਦਾ ਹੈ, ਤੋਂ ਵਿਗਾੜ ਵਿਰੁੱਧ ਰੱਖਿਆ ਕਰਦੀਆਂ ਹਨ। ਵੈਕਸੀਨਾਂ ਕਰਕੇ ਤੁਹਾਡਾ ਸਰੀਰ ਐਂਟੀਬਾਡੀਆਂ ਉਤਪੰਨ ਕਰਦਾ ਹੈ ਜਿਹੜੀਆਂ ਤੁਹਾਨੂੰ ਬਿਮਾਰ ਹੋਣ ਤੋਂ ਰੋਕਣਗੀਆਂ ਜੇ ਤੁਹਾਡਾ ਸੰਪਰਕ ਵਾਇਰਸ ਦੇ ਨਾਲ ਹੋ ਜਾਂਦਾ ਹੈ। ਵੈਕਸੀਨਾਂ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹਨ।

## ਵੈਕਸੀਨਾਂ ਕਿਸ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ?

ਬੀਸੀ ਵਿੱਚ ਕੋਵਿਡ-19 ਵੈਕਸੀਨ ਦੀ ਰੋਲਆਉਟ ਅੱਗੇ ਵੱਧ ਰਹੀ ਹੈ, ਉਨ੍ਹਾਂ ਲੋਕਾਂ ਨਾਲ ਸ਼ੁਰੂਆਤ ਕਰਦੇ ਹੋਏ ਜਿੰਨ੍ਹਾਂ ਨੂੰ ਹਸਪਤਾਲ ਵਿੱਚ ਦਾਖਲੇ ਅਤੇ ਕੋਵਿਡ-19 ਵਿਗਾੜ ਦੀਆਂ ਗੰਭੀਰ ਜਟਿਲਤਾਵਾਂ ਦਾ ਸਭ ਤੋਂ ਜ਼ਿਆਦਾ ਜੋਖਮ ਹੈ ਪਰੰਤੂ ਕ੍ਰਮਵਾਰ ਸਾਰੇ ਬਾਲਗਾਂ ਤੱਕ ਅੱਗੇ ਵੱਧਦੇ ਹੋਏ। ਕੋਵਿਡ-19 ਵੈਕਸੀਨ ਲਈ ਪਾਤਰਤਾ ਬਾਰੇ ਜਾਣਕਾਰੀ ਬੀਸੀਸੀਡੀਸੀ ਵੈੱਬਸਾਈਟ ਤੇ ਦੇਖੀ ਜਾ ਸਕਦੀ ਹੈ: www.bccdc.ca/health-info/diseases-conditions/covid-19/covid-19-vaccine/eligibility

ਜੇ ਤੁਹਾਨੂੰ ਕੋਵਿਡ-19 ਹੋਇਆ ਸੀ, ਜਾਂ ਹੋਇਆ ਹੋ ਸਕਦਾ ਹੈ, ਤਾਂ ਤੁਹਾਨੂੰ ਅਜੇ ਵੀ ਵੈਕਸੀਨ ਪ੍ਰਾਪਤ ਕਰਨੀ ਚਾਹੀਦੀ ਹੈ। ਇਹ ਇਸ ਕਰਕੇ ਹੈ ਕਿਉਂਕਿ ਸੰਭਵ ਹੈ ਕਿ ਤੁਸੀਂ ਕੋਵਿਡ-19 ਦਾ ਕਾਰਨ ਬਣਨ ਵਾਲੇ ਵਾਇਰਸ ਪ੍ਰਤੀ ਇਮਿਊਨ ਨਾ ਹੋਵੋ ਅਤੇ ਦੋਬਾਰਾ ਵਿਗਾੜਗ੍ਰਸਤ ਅਤੇ ਬਿਮਾਰ ਹੋ ਸਕਦੇ ਹੋ।

## ਵੈਕਸੀਨਾਂ ਕਿਵੇਂ ਦਿੱਤੀਆਂ ਜਾਂਦੀਆਂ ਹਨ?

ਵੈਕਸੀਨਾਂ 2 ਖੁਰਾਕਾਂ ਦੀ ਲੜੀ ਦੀ ਤਰ੍ਹਾਂ ਟੀਕੇ ਦੁਆਰਾ ਦਿੱਤੀਆਂ ਜਾਂਦੀਆਂ ਹਨ। ਪੂਰੀ ਰੱਖਿਆ ਵਾਸਤੇ ਵੈਕਸੀਨ ਦੀਆਂ ਦੋਵੇਂ ਖੁਰਾਕਾਂ ਪ੍ਰਾਪਤ ਕਰਨਾ ਮਹੱਤਵਪੂਰਨ ਹੈ। ਆਪਣੇ ਟੀਕਾਕਰਣ ਪ੍ਰਦਾਤਾ ਦੇ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਨੂੰ ਆਪਣੀ ਦੂਸਰੀ ਖੁਰਾਕ ਕਦੋਂ ਪ੍ਰਾਪਤ ਕਰਨੀ ਚਾਹੀਦੀ ਹੈ।

ਤੁਹਾਡੇ ਦੁਆਰਾ ਪ੍ਰਾਪਤ ਕੀਤੇ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ। ਦੂਸਰੀ ਖੁਰਾਕ ਵਾਸਤੇ ਆਉਣ ਵੇਲੇ ਆਪਣਾ ਇਮਿਊਨਾਈਜ਼ੇਸ਼ਨ ਰਿਕਾਰਡ ਨਾਲ ਲਿਆਉਣਾ ਯਕੀਨੀ ਬਣਾਓ।

## ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ ਮੈਨੂੰ ਕੀ ਕਰਨਾ ਚਾਹੀਦਾ ਹੈ?

ਵੈਕਸੀਨ ਪ੍ਰਾਪਤ ਕਰ ਲੈਣ ਤੋਂ ਬਾਅਦ, ਪਬਲਿਕ ਹੈਲਥ ਦੀਆਂ ਸਿਫਾਰਸ਼ਾਂ ਦੀ ਪਾਲਣਾ ਕਰਦੇ ਰਹਿਣਾ ਜਾਰੀ ਰੱਖੋ, ਜਿਵੇਂ ਕਿ:

- ਆਪਣੇ ਹੱਥਾਂ ਨੂੰ ਧੋਣਾ ਜਾਂ ਹੈਂਡ ਸੈਨੀਟਾਈਜ਼ਰ ਵਰਤਣਾ
- ਸਰੀਰਕ ਦੂਰੀ
- ਜਿਥੇ ਉਸ ਦੀ ਲੋੜ ਹੋਵੇ ਮਾਸਕ ਪਹਿਨਣਾ

ਤੁਹਾਨੂੰ ਕੋਵਿਡ-19 ਵੈਕਸੀਨ ਦੀ ਖੁਰਾਕ ਪ੍ਰਾਪਤ ਕਰਨ ਤੋਂ 14 ਦਿਨ ਬਾਅਦ ਤੱਕ ਕੋਈ ਹੋਰ ਵੈਕਸੀਨਾਂ ਨਹੀਂ ਲੈਣੀਆਂ ਚਾਹੀਦੀਆਂ।

## ਵੈਕਸੀਨਾਂ ਦੇ ਕੀ ਲਾਭ ਹਨ?

ਵੈਕਸੀਨਾਂ ਕੋਵਿਡ-19, ਜਿਹੜੀ ਇੱਕ ਗੰਭੀਰ ਅਤੇ ਕਈ ਵਾਰੀ ਜਾਨਲੇਵਾ ਬਿਮਾਰੀ ਹੈ, ਵਿਰੁੱਧ ਤੁਹਾਡੀ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹਨ। ਕਲੀਨੀਕਲ ਟ੍ਰਾਇਲਾਂ ਵਿੱਚ, ਵੈਕਸੀਨ ਪ੍ਰਾਪਤ ਕਰਨ ਵਾਲੇ ਲੋਕਾਂ ਦੀ ਕੋਵਿਡ-19 ਕਰਕੇ ਬਿਮਾਰ ਹੋਣ ਦੀ ਸੰਭਾਵਨਾ 63% ਤੋਂ 95% ਘੱਟ ਸੀ ਅਤੇ ਉਹ ਗੰਭੀਰ ਬਿਮਾਰੀ (ਹਸਪਤਾਲ ਵਿੱਚ ਦਾਖਲ ਕੀਤੇ ਜਾਣ ਅਤੇ ਮੌਤ) ਵਿਰੁੱਧ ਲਗਭਗ ਪੂਰੀ ਤਰ੍ਹਾਂ ਸੁਰੱਖਿਅਤ ਸਨ। ਜਦੋਂ ਤੁਸੀਂ ਟੀਕਾਕਰਣ ਕਰਵਾਉਂਦੇ ਹੋ, ਤਾਂ ਤੁਸੀਂ ਉਨ੍ਹਾਂ ਲੋਕਾਂ ਸਮੇਤ ਦੂਸਰਿਆਂ ਦੀ ਰੱਖਿਆ ਕਰਨ ਵਿੱਚ ਵੀ ਸਹਾਇਤਾ ਕਰਦੇ ਹੋ ਜਿਹੜੇ ਵੈਕਸੀਨ ਪ੍ਰਾਪਤ ਕਰਨ ਵਿੱਚ ਅਸਮਰਥ ਹਨ।

## ਵੈਕਸੀਨਾਂ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹਨ। ਵੈਕਸੀਨ ਪ੍ਰਾਪਤ ਕਰਨਾ ਕੋਵਿਡ-19 ਨਾਲ ਗ੍ਰਸਤ ਹੋਣ ਤੋਂ ਕਿਧਰੇ ਵੱਧ ਸੁਰੱਖਿਅਤ ਹੈ। ਵੈਕਸੀਨਾਂ ਜ਼ਿੰਦਾ ਵਾਇਰਸ ਵਾਲੀਆਂ ਵੈਕਸੀਨਾਂ ਨਹੀਂ ਹਨ ਅਤੇ ਤੁਹਾਨੂੰ ਕੋਵਿਡ-19 ਨਹੀਂ ਦੇ ਸਕਦੀਆਂ। ਵੈਕਸੀਨਾਂ ਪ੍ਰਤੀ ਆਮ ਪ੍ਰਤੀਕਿਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਜਗ੍ਹਾ ਤੇ ਜਲਨ, ਲਾਲੀ, ਸੋਜ ਅਤੇ ਖਾਰਸ਼ ਸ਼ਾਮਲ ਹੋ ਸਕਦੀਆਂ ਹਨ। ਕਈ ਲੋਕਾਂ ਲਈ, ਇਹ ਪ੍ਰਤੀਕਿਰਿਆਵਾਂ ਵੈਕਸੀਨ ਪ੍ਰਾਪਤ ਕਰਨ ਤੋਂ 8 ਜਾਂ ਉਸ ਤੋਂ ਵੱਧ ਦਿਨਾਂ ਤੋਂ ਬਾਅਦ ਦਿਖਾਈ ਦੇ ਸਕਦੀਆਂ ਹਨ। ਦੂਸਰੀਆਂ ਪ੍ਰਤੀਕਿਰਿਆਵਾਂ ਵਿੱਚ ਥਕੇਵਾਂ, ਸਿਰਦਰਦ, ਬੁਖਾਰ, ਮਾਸਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ, ਕੱਛ ਦੇ ਹੇਠਾਂ ਸੁੱਜੇ ਹੋਏ ਲਿੰਫ ਨੋਡ (lymph nodes), ਮਤਲੀ ਅਤੇ ਉਲਟੀਆਂ ਸ਼ਾਮਲ ਹੋ ਸਕਦੀਆਂ ਹਨ। ਇਹ ਪ੍ਰਤੀਕਿਰਿਆਵਾਂ ਹਲਕੀਆਂ ਹਨ ਅਤੇ ਆਮਤੌਰ ਤੇ 1 ਤੋਂ 2 ਦਿਨ ਲਈ ਰਹਿੰਦੀਆਂ ਹਨ। ਜੇ ਤੁਹਾਨੂੰ ਵੈਕਸੀਨ ਪ੍ਰਾਪਤ ਕਰਨ ਤੋਂ ਬਾਅਦ ਤੁਹਾਡੇ ਦੁਆਰਾ ਵਿਕਸਤ ਕੀਤੇ ਗਏ ਕੋਈ ਵੀ ਲੱਛਣਾਂ ਬਾਰੇ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ ਜਾਂ ਸਲਾਹ ਵਾਸਤੇ
**8-1-1** ਨੂੰ ਫੋਨ ਕਰੋ।

ਜਿਵੇਂ ਹੋਰ ਜ਼ਿਆਦਾ ਲੋਕਾਂ ਦਾ ਟੀਕਾਕਰਣ ਹੁੰਦਾ ਹੈ, ਕੈਨੇਡਾ ਅਤੇ ਸਾਰੀ ਦੁਨੀਆਂ ਵਿੱਚ ਵੈਕਸੀਨਾਂ ਦੀ ਸੁਰੱਖਿਆ ਦੀ ਨਿਗਰਾਨੀ ਕਰਨ ਵਾਸਤੇ ਕਈ ਸਾਰੀਆਂ ਪ੍ਰਕਿਰਿਆਵਾਂ ਸਥਾਪਤ ਹਨ। ਯੂਰਪ ਵਿੱਚ ਐਸਟ੍ਰਾਜ਼ੈਨੇਕਾ (AstraZeneca) ਵੈਕਸੀਨ ਪ੍ਰਾਪਤ ਕਰਨ ਤੋਂ 4 ਤੋਂ 16 ਦਿਨਾਂ ਦੇ ਅੰਦਰ, ਅਤੇ ਮੁੱਖ ਤੌਰ ਤੇ 55 ਸਾਲ ਤੋਂ ਘੱਟ ਉਮਰ ਦੇ ਬਾਲਗਾਂ ਵਿੱਚ ਖੂਨ ਦੇ ਗੰਭੀਰ ਗਤਲਿਆਂ (serious blood clots) ਦੇ ਵਿਰਲੇ ਕੇਸਾਂ (ਵੈਕਸੀਨ ਦਿੱਤੇ ਜਾਣ ਵਾਲੇ 1,000,000 ਲੋਕਾਂ ਵਿੱਚ ਲਗਭਗ 1 ਤੋਂ 10 ਕੇਸ) ਦੀ ਰਿਪੋਰਟ ਕੀਤੀ ਗਈ ਹੈ। ਮੌਜੂਦਾ ਸਮੇਂ ਤੇ ਕੈਨੇਡਾ ਵਿੱਚ 55 ਸਾਲਾਂ ਤੋਂ ਘੱਟ ਉਮਰ ਦੇ ਲੋਕਾਂ ਦੇ ਲਈ ਐਸਟ੍ਰਾਜ਼ੈਨੇਕਾ ਅਤੇ ਕੋਵੀਸ਼ੀਲਡ (COVISHIELD) ਵੈਕਸੀਨਾਂ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ।

ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਾਹਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ(ASA) (ਉਦਾਹਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ HealthLinkBC File #84 ਰਾਈ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ ਕਿਉਂਕਿ ਇੱਕ ਮਿਲੀਅਨ ਲੋਕਾਂ ਵਿੱਚੋਂ ਲਗਭਗ 1 ਨੂੰ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਐਲਰਜਿਕ ਪ੍ਰਤੀਕ੍ਰਿਆ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲ੍ਹਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਸ਼ਾਮਲ ਹੈ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ। ਜੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਆਪਣੇ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਹਮੇਸ਼ਾ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਦੱਸੋ।

## ਵੈਕਸੀਨ ਕਿਸ ਨੂੰ ਨਹੀਂ ਲੈਣੀ ਚਾਹੀਦੀ?

ਤੁਹਾਨੂੰ ਵੈਕਸੀਨ ਨਹੀਂ ਲੈਣੀ ਚਾਹੀਦੀ ਜੇ ਤੁਹਾਨੂੰ ਇੰਨ੍ਹਾਂ ਪ੍ਰਤੀ ਗੰਭੀਰ ਐਲਰਜੀ (ਐਨਾਫਲਾਕਸਿਸ) ਹੈ:

- ਪੌਲੀਐਥੀਲੀਨ ਗਲਾਇਕੋਲ (PEG) ਜੋ ਮੋਡਰਨਾ (Moderna) ਅਤੇ ਫਾਈਜ਼ਰ-ਬਿਓਨਟੈਕ (Pfizer-BioNTech) ਕੋਵਿਡ-19 ਵੈਕਸੀਨਾਂ, ਦੋਵਾਂ ਵਿੱਚ ਹੈ। PEG ਸ਼ਿੰਗਾਰ ਦੀਆਂ ਕੁਝ ਵਸਤੂਆਂ, ਚਮੜੀ ਦੀ ਦੇਖਭਾਲ ਦੇ ਉਤਪਾਦਾਂ, ਲੈਗਜ਼ੇਟਿਵਜ਼, ਖੰਘ ਦੇ ਸਿਰਪਾਂ ਅਤੇ ਬਾਉਲ ਨੂੰ ਕੋਲੋਨੋਸਕੋਪੀ ਵਾਸਤੇ ਤਿਆਰ ਕਰਨ ਵਾਲੇ ਉਤਪਾਦਾਂ ਵਿੱਚ ਪਾਈ ਜਾ ਸਕਦੀ ਹੈ। PEG ਕਈ ਪ੍ਰੌਸੈਸ ਕੀਤੇ ਗਏ ਭੋਜਨਾਂ ਅਤੇ ਪੇਅ ਪਦਾਰਥਾਂ ਵਿੱਚ ਵੀ ਸ਼ਾਮਲ ਹੋ ਸਕਦੀ ਹੈ ਪਰ ਭੋਜਨਾਂ ਅਤੇ ਪੇਅ ਪਦਾਰਥਾਂ ਵਿੱਚ PEG ਪ੍ਰਤੀ ਐਨਾਫਲਾਕਸਿਸ ਦੇ ਕੋਈ ਵੀ ਕੇਸਾਂ ਦੀ ਰਿਪੋਰਟ ਨਹੀਂ ਕੀਤੀ ਗਈ ਹੈ।
- ਪੌਲੀਸੌਰਬੇਟ 80 (Polysorbate 80) ਜੋ ਐਸਟ੍ਰਾਜ਼ੈਨੇਕਾ ਅਤੇ ਕੋਵੀਸ਼ੀਲਡ ਵੈਕਸੀਨਾਂ ਵਿੱਚ ਹੈ। ਇਹ ਮੈਡੀਕਲ ਪ੍ਰੇਪਰੇਸ਼ਨਾਂ (ਉਦਾਹਰਣ ਲਈ, ਵਿਟਾਮਿਨ ਤੇਲਾਂ, ਗੋਲੀਆਂ ਅਤੇ ਕੈਂਸਰ ਵਿਰੋਧੀ ਏਜੰਟਾਂ) ਅਤੇ ਸ਼ਿੰਗਾਰ ਦੀਆਂ ਵਸਤੂਆਂ ਵਿੱਚ ਵੀ ਪਾਇਆ ਜਾਂਦਾ ਹੈ
- ਕੋਵਿਡ-19 ਵੈਕਸੀਨ ਦੀ ਪੂਰਵ ਖੁਰਾਕ ਜਾਂ ਵੈਕਸੀਨ ਦਾ ਕੋਈ ਵੀ ਹਿੱਸਾ

ਜੇ ਤੁਹਾਨੂੰ ਐਨਾਫਲਾਕਸਿਸ ਹੋਇਆ ਸੀ ਪਰ ਐਲਰਜੀ ਸਪੈਸ਼ਲਿਸਟ ਨੂੰ ਮਿਲਣ ਤੋਂ ਬਾਅਦ ਕਿਸੇ ਕਾਰਨ ਦਾ ਪਤਾ ਨਹੀਂ ਲਗਿਆ ਸੀ, ਜਾਂ ਜੇ ਤੁਹਾਨੂੰ ਪਹਿਲਾਂ ਐਨਾਫਲਾਕਸਿਸ ਹੋਇਆ ਸੀ ਪਰ ਇੱਕ ਐਲਰਜੀ ਸਪੈਸ਼ਲਿਸਟ ਦੁਆਰਾ ਇਲਾਜ ਨਹੀਂ ਕੀਤਾ ਗਿਆ ਸੀ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ

## ਕੀ ਵੈਕਸੀਨ ਪ੍ਰਾਪਤ ਕਰਨ ਨਾਲ ਸੰਬੰਧਤ ਵਿਚਾਰ ਕਰਨ ਵਾਲੀਆਂ ਹੋਰ ਚੀਜ਼ਾਂ ਹਨ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ ਜੇ:

- ਤੁਹਾਡੀ ਸੁਰੱਖਿਆ ਪ੍ਰਣਾਲੀ ਬਿਮਾਰੀ ਜਾਂ ਮੈਡੀਕਲ ਇਲਾਜ ਕਰਕੇ ਕਮਜ਼ੋਰ ਹੈ
- ਤੁਹਾਨੂੰ ਇੱਕ ਆਟੋਇਮਿਊਨ (autoimmune) ਅਵਸਥਾ ਹੈ
- ਤੁਸੀਂ ਗਰਭਵਤੀ ਹੋ, ਗਰਭਵਤੀ ਹੋ ਸਕਦੇ ਹੋ ਜਾਂ ਗਰਭਵਤੀ ਹੋਣ ਦੀ ਯੋਜਨਾ ਬਣਾ ਰਹੇ ਹੋ
- ਤੁਸੀਂ ਬੱਚੇ ਨੂੰ ਆਪਣਾ ਦੁੱਧ ਪਿਲਾ ਰਹੇ ਹੋ
- ਤੁਸੀਂ ਕੋਵਿਡ-19 ਦੇ ਇਲਾਜ ਜਾਂ ਰੋਕਥਾਮ ਦੇ ਲਈ ਮੋਨੋਕਲੋਨਲ (monoclonal) ਐਂਟੀਬਾਡੀ ਜਾਂ ਕੌਨਵਾਲੇਸੈਂਟ (convalescent) ਪਲਾਜ਼ਮਾ ਪ੍ਰਾਪਤ ਕੀਤਾ ਹੈ
- ਤੁਸੀਂ ਪਿਛਲੇ 14 ਦਿਨਾਂ ਵਿੱਚ ਕੋਈ ਵੈਕਸੀਨ ਪ੍ਰਾਪਤ ਕੀਤੀ ਹੈ
- ਤੁਹਾਨੂੰ ਕੋਵਿਡ-19 ਦੇ ਲੱਛਣ ਹਨ

ਜੇ ਤੁਹਾਨੂੰ ਨਵੀਂ ਬਿਮਾਰੀ ਹੈ ਜਿਹੜੀ ਤੁਹਾਨੂੰ ਤੁਹਾਡੀਆਂ ਨਿਯਮਿਤ ਗਤੀਵਿਧੀਆਂ ਤੋਂ ਰੋਕ ਰਹੀ ਹੈ, ਤਾਂ ਤੁਹਾਨੂੰ ਠੀਕ ਹੋ ਜਾਣ ਤੱਕ ਇੰਤਜ਼ਾਰ ਕਰਨਾ ਚਾਹੀਦਾ ਹੈ। ਇਹ ਤੁਹਾਨੂੰ ਵੈਕਸੀਨ ਦੇ ਗੌਣ ਪ੍ਰਭਾਵਾਂ ਅਤੇ ਤੁਹਾਡੀ ਬਿਮਾਰੀ ਦੇ ਬਦਤਰ ਹੋਣ ਵਿੱਚ ਫਰਕ ਦੱਸਣ ਵਿੱਚ ਸਹਾਇਤਾ ਕਰੇਗਾ।

## ਕੋਵਿਡ-19 ਕੀ ਹੈ?

ਕੋਵਿਡ-19 ਸਾਹ ਦੇ ਰਸਤਿਆਂ ਅਤੇ ਫੇਫੜਿਆਂ ਦਾ SARS-CoV-2 ਕੋਰੋਨਾਵਾਇਰਸ ਕਰਕੇ ਹੋਣ ਵਾਲਾ ਵਿਗਾੜ ਹੈ। ਕੋਵਿਡ-19 ਦੇ ਲੱਛਣਾਂ ਵਿੱਚ ਖੰਘ, ਸਾਹ ਚੜ੍ਹਨਾ, ਬੁਖਾਰ, ਕੰਬਣੀਆਂ, ਥਕੇਵਾਂ ਅਤੇ ਗੰਧ ਜਾਂ ਸਵਾਦ ਦੀ ਭਾਵਨਾ ਦਾ ਨੁਕਸਾਨ ਸ਼ਾਮਲ ਹੋ ਸਕਦੇ ਹਨ। ਜਦਕਿ ਸੰਭਵ ਹੈ ਕਿ ਕੋਵਿਡ-19 ਵਾਲੇ ਕਈ ਲੋਕਾਂ ਨੂੰ ਕੋਈ ਵੀ ਲੱਛਣ ਨਾ ਹੋਣ ਜਾਂ ਕੇਵਲ ਹਲਕੇ ਲੱਛਣ ਹੋਣ, ਹੋਰਾਂ ਨੂੰ ਹਸਪਤਾਲ ਵਿੱਚ ਦਾਖਲ ਕੀਤੇ ਜਾਣ ਦੀ ਲੋੜ ਹੋ ਸਕਦੀ ਹੈ ਅਤੇ ਉਨ੍ਹਾਂ ਦੀ ਮੌਤ ਹੋ ਸਕਦੀ ਹੈ। ਗੰਭੀਰ ਬਿਮਾਰੀ ਉਨ੍ਹਾਂ ਲੋਕਾਂ ਵਿੱਚ ਵੱਧ ਆਮ ਹੈ ਜਿਹੜੇ ਵਡੇਰੀ ਉਮਰ ਦੇ ਹਨ ਅਤੇ ਜਿੰਨ੍ਹਾਂ ਨੂੰ ਕੁਝ ਖਾਸ ਚਿਰਕਾਲੀ ਅਵਸਥਾਵਾਂ ਜਿਵੇਂ ਕਿ ਡਾਇਬਟੀਜ਼, ਦਿਲ ਦੀ ਬਿਮਾਰੀ ਜਾਂ ਫੇਫੜਿਆਂ ਦੀ ਬਿਮਾਰੀ ਹਨ। ਕੁਝ ਲੋਕਾਂ ਵਾਸਤੇ ਕੋਵਿਡ-19 ਦੇ ਲੱਛਣ ਕੁਝ ਹਫਤਿਆਂ ਜਾਂ ਉਸ ਤੋਂ ਵੱਧ ਲਈ ਜਾਰੀ ਰਹਿ ਸਕਦੇ ਹਨ। ਕਿਸੇ ਵਿਅਕਤੀ ਦੀ ਸਿਹਤ ਤੇ ਕੋਵਿਡ-19 ਦੇ ਲੰਬੇ-ਸਮੇਂ ਦੇ ਪ੍ਰਭਾਵ ਅਗਿਆਤ ਹਨ।

## ਕੋਵਿਡ-19 ਕਿਵੇਂ ਫੈਲਦਾ ਹੈ?

ਕੋਵਿਡ-19 ਦਾ ਕਾਰਨ ਬਣਨ ਵਾਲਾ ਵਾਇਰਸ ਇੱਕ ਵਿਅਕਤੀ ਤੋਂ ਦੂਸਰੇ ਵਿਅਕਤੀ ਤੱਕ ਖੰਘਣ, ਛਿਕਣ, ਗੱਲ ਕਰਨ ਅਤੇ ਗਾਣਾ ਗਾਣ ਰਾਹੀਂ ਫੈਲਦਾ ਹੈ। ਇਹ ਵਾਇਰਸ ਵਾਲੀ ਕਿਸੇ ਚੀਜ਼ ਜਾਂ ਸਤਹ ਨੂੰ ਛੂਹਣ ਅਤੇ ਫਿਰ ਆਪਣੀਆਂ ਅੱਖਾਂ, ਨੱਕ ਜਾਂ ਮੂੰਹ ਨੂੰ ਛੂਹਣ ਨਾਲ ਵੀ ਫੈਲ ਸਕਦਾ ਹੈ।

ਕੋਵਿਡ-19 ਵੈਕਸੀਨਾਂ ਬਾਰੇ ਹੋਰ ਜਾਣਕਾਰੀ ਲਈ, ਬੀਸੀਸੀਡੀਸੀ ਦੇ ਕੋਵਿਡ-19 ਵੈਕਸੀਨ ਸਫੇ www.bccdc.ca/health-info/diseases-conditions/covid-19/covid-19-vaccine 'ਤੇ ਜਾਓ।

BC Centre for Disease Control
Provincial Health Services Authority